# ਅਡਲਟ ਡੇਅ ਸਰਵਿਸ ਤੱਥਾਂ ਦਾ ਵੇਰਵਾ

Peel Long Term Care
A Tradition of Caring

Region of Peel
Working for you

B-14-021 06/10
Punjabi ADS Facts

## ਅਡਲਟ ਡੇਅ ਸਰਵਿਸ ਕੀ ਹੈ?

ਅਡਲਟ ਡੇਅ ਸਰਵਿਸ ਲੰਬੇ ਸਮੇਂ ਲਈ ਦੇਖਭਾਲ ਵਾਲੇ ਸਾਡੇ ਚਾਰ ਕੇਂਦਰਾ ਵਿਚ ਪੇਸ਼ ਕੀਤੀ ਜਾਂਦੀ ਹੈ। ਇਹ ਸੇਵਾ ਵਡੇਰੀ ਉਮਰ ਦੇ ਉਨ੍ਹਾਂ ਬਾਲਗਾਂ ਲਈ ਹੈ ਜੋ ਆਪਣੇ ਘਰਾਂ ਵਿੱਚ ਰਹਿੰਦੇ ਹਨ ਅਤੇ ਜਿੰਨ੍ਹਾਂ ਨੂੰ ਰੋਜ਼ਾਨਾ ਜਿੰਦਗੀ ਦੀਆਂ ਗਤੀਵਿਧੀਆਂ ਲਈ ਮਦਦ ਦੀ ਲੋੜ ਹੁੰਦੀ ਹੈ।

ਏ ਡੀ ਐੱਸ (ADS) ਵਿੱਚ ਹਿਸਾ ਲੈਣ ਵਾਲੇ ਵਿਅਕਤੀ ਹਾਸਾ-ਮਜ਼ਾਕ ਕਰਨ ਵਾਲੀਆਂ ਗਤੀਵਿਧੀਆਂ ਵਿਚ ਹਿਸਾ ਲੈਣ ਲਈ, ਸੈਰ-ਸਪਾਟੇ ਲਈ ਜਾਣ ਵਾਸਤੇ ਅਤੇ ਹੋਰ ਲੋਕਾਂ ਨੂੰ ਮਿਲਣ ਲਈ ਹਫਤੇ ਵਿਚ ਕਈ ਦਿਨ ਕੁੱਝ ਘੰਟਿਆਂ ਲਈ ਸਾਡੇ ਕੇਂਦਰਾਂ ਵਿਖੇ ਆਉਂਦੇ ਹਨ। ਉਨ੍ਹਾਂ ਨੂੰ ਜਲਪਾਨ ਅਤੇ ਇੱਕ ਵੇਲੇ ਦਾ ਗਰਮ ਖਾਣਾ ਮਿਲਦਾ ਹੈ। ਏ ਡੀ ਐੱਸ ਉਨ੍ਹਾਂ ਦੇ ਪਰਿਵਾਰਾਂ ਨੂੰ ਅਰਾਮ ਕਰਨ ਅਤੇ ਹੋਰ ਕੰਮ ਕਾਰ ਪੂਰੇ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਸਾਡੇ ਕੇਂਦਰਾਂ ਵਿਚ ਪੇਸ਼ਾਵਰ ਅਤੇ ਜ਼ਿੰਮੇਵਾਰ ਅਮਲੇ ਵੱਲੋਂ ਏ ਡੀ ਐੱਸ ਪ੍ਰਦਾਨ ਕੀਤੀ ਜਾਂਦੀ ਹੈ।

## ਏ ਡੀ ਐੱਸ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਲਈ ਕਿਸ ਕਿਸਮ ਦੀਆਂ ਗਤੀਵਿਧੀਆਂ ਪੇਸ਼ ਕਰਦੀ ਹੈ?

ਏ ਡੀ ਐੱਸ (ADS) ਵਿੱਚ ਸ਼ਮੂਲੀਅਤ ਕਰਨ ਵਾਲੇ ਵਿਅਕਤੀ ਬਾਗ਼ਬਾਨੀ ਕਰਨਾ, ਪੜ੍ਹਨਾਂ, ਖਾਣਾ ਪਕਾਉਣਾ, ਲੱਕੜੀ ਦਾ ਕੰਮ ਕਰਨਾ, ਕਸਰਤ ਕਰਨੀ ਅਤੇ ਖੇਡਾਂ ਖੇਡਣੀਆਂ ਆਦਿ ਗਤੀਵਿਧੀਆਂ ਦਾ ਅਨੰਦ ਮਾਣਦੇ ਹਨ। ਉਹ ਆਪਣੀ ਕਮਿਊਨਿਟੀ ਨਾਲ ਬਾਹਰ ਜਾਂਦੇ ਹਨ ਜਿਵੇਂ ਕਿ ਪਿਕਨਿਕ ਆਦਿ ਕਰਨ, ਅਤੇ ਜਨਮ ਦਿਨ ਮਨਾਉਣ ਜਿਹੇ ਖ਼ਾਸ ਮੌਕਿਆਂ ਵਿੱਚ ਹਿੱਸਾ ਲੈਂਦੇ ਹਨ।

ਏ ਡੀ ਐੱਸ (ADS) ਵਿੱਚ ਸ਼ਮੂਲੀਅਤ ਕਰਨ ਵਾਲੇ ਵਿਅਕਤੀ ਹੋਰ ਵਾਧੂ ਫ਼ੀਸ ਦੇ ਕੇ ਦੰਦਾਂ ਦੇ ਡਾਕਟਰ, ਅੱਖਾਂ ਦੇ ਡਾਕਟਰ, ਜਾਂ ਪੈਰਾਂ ਦੀ ਸੰਭਾਲ ਦੇ ਮਾਹਰ ਨੂੰ ਮਿਲਣ ਜਾਂ ਹਰੇਕ ਕੇਂਦਰ ਵਿੱਚ ਸਥਿਤ ਵਾਲਾਂ ਦੀ ਸੰਭਾਲ ਕਰਨ ਵਾਲੀ ਥਾਂ ਤੇ ਜਾਣ ਦਾ ਇੰਤਜਾਮ ਕਰ ਸਕਦੇ ਹਨ।

## ਏ ਡੀ ਐੱਸ (ADS) ਦੀ ਸੇਵਾ ਲੈਣ ਦੇ ਯੋਗ ਕੌਣ ਹੁੰਦਾ ਹੈ?

ਏ ਡੀ ਐੱਸ ਲਈ ਅਰਜ਼ੀ ਦੇਣ ਵਾਲੇ ਵਿਅਕਤੀ ਲਈ ਜ਼ਰੂਰੀ ਹੈ ਕਿ:

- ਉਹ 18 ਸਾਲ ਤੋਂ ਵੱਡੀ ਉਮਰ ਦਾ ਹੋਵੇ
- ਉਸ ਕੋਲ ਅਂਟੇਰੀਓ ਦਾ ਜਾਇਜ਼ ਹੈਲਥ ਕਾਰਡ ਹੋਵੇ

## ਏ ਡੀ ਐੱਸ (ADS) ਲਈ ਅਰਜ਼ੀ ਕਿਵੇਂ ਦਿੱਤੀ ਜਾਵੇ?

ਏ ਡੀ ਐੱਸ ਲਈ ਅਰਜ਼ੀ ਦੇਣ ਦੇ ਦੋ ਤਰੀਕੇ ਹਨ:

1. ਤੁਸੀਂ ਆਪਣੇ ਸਥਾਨਕ ਕਮਿਊਨਿਟੀ ਕੇਅਰ ਐਕਸੈੱਸ ਸੈਂਟਰ (CCAC) ਨਾਲ ਸੰਪਰਕ ਕਰ ਸਕਦੇ ਹੋ। ਸੀ ਸੀ ਏ ਸੀ (CCAC) ਅਰਜ਼ੀ ਸੰਬੰਧੀ ਪ੍ਰੀਕ੍ਰਿਆ ਬਾਰੇ ਜਾਣਕਾਰੀ ਦੇਵੇਗਾ ਅਤੇ ਬਿਨੈਕਾਰ ਨੂੰ ਮਿਲੇਗਾ। ਕ੍ਰਿਪਾ ਕਰ ਕੇ ਆਪਣੇ ਸਥਾਨਕ ਸੀ ਸੀ ਏ ਸੀ (CCAC) ਨਾਲ ਸੰਪਰਕ ਕਰਨ ਲਈ 905-799-7700 'ਤੇ ਫ਼ੋਨ ਕਰੋ।

2. ਤੁਸੀਂ ਸਾਡੇ ਕਿਸੇ ਵੀ ਕੇਂਦਰ ਵਿਖੇ ਏ ਡੀ ਐੱਸ ਸੁਪਰਵਾਈਜ਼ਰ ਨਾਲ ਸੰਪਰਕ ਕਰ ਸਕਦੇ ਹੋ। ਸੁਪਰਵਾਈਜ਼ਰ ਤੁਹਾਡੇ ਨਾਲ ਮਿਲ ਕੇ ਤੁਹਾਨੂੰ ਏ ਡੀ ਐੱਸ ਵਾਲੀ ਜਗ੍ਹਾ ਵਿਖਾਵੇਗਾ। ਜੇਕਰ ਏ ਡੀ ਐੱਸ ਵਿੱਚ ਤੁਹਾਡੀ ਦਿਲਚਸਪੀ ਹੋਵੇ ਤਾਂ ਸੁਪਰਵਾਈਜ਼ਰ ਦਾਖ਼ਲੇ ਦੀ ਪ੍ਰੀਕ੍ਰਿਆ ਸ਼ੁਰੂ ਕਰਨ ਲਈ ਜਾਣਕਾਰੀ ਅਗਾਂਹ ਸੀ ਸੀ ਏ ਸੀ ਨੂੰ ਭੇਜੇਗਾ।

## ਕੀ ਏ ਡੀ ਐੱਸ ਲਈ ਕੋਈ ਫੀਸ ਦੇਣੀ ਪੈਂਦੀ ਹੈ?

ਹਾਂ, ਏ ਡੀ ਐੱਸ ਲਈ ਫੀਸ ਦੇਣੀ ਪੈਂਦੀ ਹੈ। ਹਰੇਕ ਸਾਲ ਫੀਸਾਂ ਦੀ ਨਜ਼ਰਸਾਨੀ ਕੀਤੀ ਜਾਂਦੀ ਹੈ। ਚਲੰਤ ਫੀਸਾਂ ਦੀ ਜਾਣਕਾਰੀ ਲੈਣ ਲਈ ਕ੍ਰਿਪਾ ਕਰ ਕੇ ਸਾਡੇ ਕਿਸੇ ਵੀ ਕੇਂਦਰ ਵਿਖੇ ਏ ਡੀ ਐੱਸ ਸੁਪਰਵਾਈਜ਼ਰ ਨੂੰ ਮਿਲੋ।

## ਕੰਮ ਦਾ ਸਮਾਂ

ਏ ਡੀ ਐੱਸ ਸੋਮਵਾਰ ਤੋਂ ਸ਼ੁੱਕਰਵਾਰ ਤੀਕ ਕੰਮ ਦੇ ਆਮ ਸਮੇਂ ਦੌਰਾਨ ਪ੍ਰਦਾਨ ਕੀਤੀ ਜਾਂਦੀ ਹੈ। ਸਾਡੇ ਕੁੱਝ ਕੇਂਦਰ ਸਨਿਚਰਵਾਰ ਨੂੰ ਵੀ ਏ ਡੀ ਐੱਸ ਪ੍ਰਦਾਨ ਕਰਦੇ ਹਨ।

## ਆਵਾਜਾਈ ਦੀ ਸਹੂਲਤ

ਬਹੁਤੀਆਂ ਹਾਲਤਾਂ ਵਿੱਚ ਵਿਅਕਤੀਆਂ ਨੂੰ ਪਰਿਵਾਰ ਦੇ ਮੈਂਬਰ ਜਾਂ ਦੋਸਤ ਏ ਡੀ ਐੱਸ ਲਈ ਲਿਆਉਂਦੇ ਅਤੇ ਲਿਜਾਂਦੇ ਹਨ। ਜੇ ਇਹ ਸੰਭਵ ਨਾ ਹੋਵੇ ਤਾਂ ਏ ਡੀ ਐੱਸ ਸੁਪਰਵਾਈਜ਼ਰ ਜਾਂ ਸੀ ਸੀ ਏ ਸੀ ਆਵਾਜਾਈ ਦੇ ਹੋਰ ਸਾਧਨਾਂ ਬਾਰੇ ਸਲਾਹ ਦੇਣਗੇ, ਜਿੰਨ੍ਹਾਂ ਲਈ ਫ਼ੀਸ ਲੱਗਦੀ ਹੈ।

## ਰੀਜਨ ਆਫ਼ ਪੀਲ ਲੰਬੇ ਸਮੇਂ ਲਈ ਦੇਖਭਾਲ

ਰੀਜਨ ਆਫ਼ ਪੀਲ ਪੰਜ ਕੇਂਦਰ ਚਲਾਉਂਦਾ ਹੈ - ਕੈਲੇਡੌਨ ਵਿੱਚ ਡੇਵਿਸ ਸੈਂਟਰ, ਬਰੈਂਪਟਨ ਵਿੱਚ ਪੀਲ ਮੈਨਰ ਅਤੇ ਟਾਲ ਪਾਈਨਜ਼, ਮਿਸੀਸਾਗਾ ਵਿੱਚ ਮਾਲਟਨ ਵਿਲੇਜ ਅਤੇ ਸ਼ੈਰੀਡਨ ਵਿਲਾ। ਸਾਡੇ ਕੇਂਦਰਾਂ ਵਿਖੇ, ਵਸਨੀਕਾ ਨੂੰ ਉਨ੍ਹਾਂ ਦੀਆਂ ਜਰੂਰਤਾਂ ਅਨੁਸਾਰ ਉੱਤਮ ਦੇਖਭਾਲ ਅਤੇ ਉਤੇਜਤ ਗਤੀਵਿਧੀਆਂ ਮਿਲਦੀਆਂ ਹਨ। ਟਾਲ ਪਾਈਨਜ਼ ਤੋਂ ਬਿਨਾ ਸਾਰੇ ਕੇਂਦਰਾਂ ਵਿਖੇ ਏ ਡੀ ਐੱਸ ਪ੍ਰਦਾਨ ਕੀਤੀ ਜਾਂਦੀ ਹੈ।

## ਜਾਣਕਾਰੀ ਲੈਣ ਸੰਪਰਕ ਕਰੋ

ਏ ਡੀ ਐੱਸ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਜਾਂ ਏ ਡੀ ਐੱਸ ਸੁਪਰਵਾਈਜ਼ਰ ਨੂੰ ਮਿਲਣ ਲਈ, ਕ੍ਰਿਪਾ ਕਰ ਕੇ ਆਪਣੀ ਪਸੰਦ ਦੇ ਕੇਂਦਰ ਨਾਲ ਸੰਪਰਕ ਕਰੋ।

**ਡੇਵਿਸ ਸੈਂਟਰ**
80 ਐਲਨ ਡਰਾਈਵ
ਬੋਲਟਨ, ਅਂਟੇਰੀਓ L7E 1P7
ਫੋਨ: 905-857-0975

**ਮਾਲਟਨ ਵਿਲੇਜ**
7075 ਰੈਕਸਵੁੱਡ ਰੋਡ
ਮਿਸੀਸਾਗਾ, ਅਂਟੇਰੀਓ L4T 4M1
ਫੋਨ: 905-791-1179

**ਪੀਲ ਮੇਨਰ**
525 ਮੇਨ ਸਟਰੀਟ ਉੱਤਰ
ਬਰੈਂਪਟਨ, ਅਂਟੇਰੀਓ L6X 1N9
ਫੋਨ: 905-453-4140

**ਸ਼ੈਰੀਡਨ ਵਿਲਾ**
2460 ਟਰੱਸਕੌਟ ਡਰਾਈਵ
ਮਿਸੀਸਾਗਾ, ਅਂਟੇਰੀਓ L5J 3Z8
ਫੋਨ: 905-791-8668

**ਇਸ ਸਮੇਂ ਟਾਲ ਪਾਈਨਜ਼ ਕੇਂਦਰ ਏ ਡੀ ਐੱਸ ਪ੍ਰਦਾਨ ਨਹੀਂ ਕਰਦਾ।**